# ਰਸੂਲਾਂ ਦੇ ਕੰਮ ਕਿਤਾਬ ਦੀ ਰੂਪਰੇਖਾ (ਅਧਿਆਇ 1-28)

I. ਯਰੂਸ਼ਲਮ ਵਿਚ ਗਵਾਹੀਆਂ (1-7)।
- (ੳ) ਅਧਿਆਇ 1: ਉਡੀਕ ਦਾ ਸਮਾਂ।
  1. ਸ਼ੁਰੂਆਤੀ ਕਥਨ (ਆਇਤਾਂ 1, 2)।
  2. ਸਵਰਗ ਵਿਚ ਉਠਾਇਆ ਜਾਣਾ (ਆਇਤਾਂ 3-11)।
  3. ਯਰੂਸ਼ਲਮ ਵਿਚ ਉਡੀਕ ਕਰਨਾ (ਆਇਤਾਂ 12-14)।
  4. ਯਹੂਦਾ ਦੀ ਥਾਂ ਦਾ ਭਰਿਆ ਜਾਣਾ (ਆਇਤਾਂ 15-26)।
- (ਅ) ਅਧਿਆਇ 2: ਕਲੀਸੀਆ ਕਾਇਮ ਹੁੰਦੀ ਹੈ।
  1. ਸ਼ਕਤੀ ਆਉਂਦੀ ਹੈ (ਆਇਤਾਂ 1-13)।
  2. ਇੰਜੀਲ ਦਾ ਸਭ ਤੋਂ ਪਹਿਲਾ ਸੰਦੇਸ਼ (ਆਇਤਾਂ 14-36)।
  3. ਅਰੰਭਕ ਮਸੀਹੀ (ਆਇਤਾਂ 37-41)।
  4. ਮੁਢਲੀ ਕਲੀਸੀਆ ਬਾਰੇ ਸੰਖੇਪ ਵਿਚ (ਆਇਤਾਂ 42-47)।
- (ੲ) ਅਧਿਆਇ 3: ਇੰਜੀਲ ਸੁਣਾਈ ਜਾਂਦੀ ਹੈ।
  1. ਇਕ ਲੰਗੜੇ ਆਦਮੀ ਨੂੰ ਚੰਗਾਈ ਮਿਲਣਾ (ਆਇਤਾਂ 1-11)।
  2. ਇਕ ਅਧੂਰਾ ਉਪਦੇਸ਼ (ਆਇਤਾਂ 12-26)।
- (ਸ) ਅਧਿਆਇ 4: ਸਤਾਅ ਦੀ ਸ਼ੁਰੂਆਤ।
  1. ਪਤਰਸ ਅਤੇ ਯੂਹੰਨਾ ਗ੍ਰਿਫ਼ਤਾਰ ਹੁੰਦੇ ਹਨ (ਆਇਤਾਂ 1-31)।
  2. ਸਭ ਕੁਝ ਸਾਂਝਾ (ਆਇਤਾਂ 32-37)।
- (ਹ) ਅਧਿਆਇ 5: ਕਲੀਸੀਆ ਦਾ ਅਨੁਸ਼ਾਸਨ ਅਤੇ ਹੋਰ ਵੱਧ ਸਤਾਅ।
  1. ਕਲੀਸੀਆ ਦੇ ਅਨੁਸ਼ਾਸਨ ਦਾ ਪਹਿਲਾ ਮਾਮਲਾ (ਆਇਤਾਂ 1-11)।
  2. ਪ੍ਰਸਿੱਧੀ ਵਧਦੀ ਹੈ (ਆਇਤਾਂ 12-16)।
  3. ਹੋਰ ਵੱਧ ਸਤਾਅ (ਆਇਤਾਂ 17-42)।
- (ਕ) ਅਧਿਆਇ 6: ਪਹਿਲੇ ''ਡੀਕਨਾਂ'' (ਸੇਵਕਾਂ) ਦੀ ਚੋਣ।
  1. ਕਲੀਸੀਆ ਦੀ ਏਕਤਾ ਨੂੰ ਖ਼ਤਰਾ ਹੁੰਦਾ ਹੈ; ਸੱਤ ਸੇਵਕ ਚੁਣੇ ਜਾਂਦੇ ਹਨ (ਆਇਤਾਂ 1-7)।
  2. ਇਹਨਾਂ ਵਿੱਚੋਂ ਇਕ ਸੇਵਕ (ਇਸਤੀਫ਼ਾਨ) ਗ੍ਰਿਫ਼ਤਾਰ ਹੋ ਜਾਂਦਾ ਹੈ (ਆਇਤਾਂ 8-15)।
- (ਖ) ਅਧਿਆਇ 7: ਪਹਿਲਾ ਮਸੀਹੀ ਸ਼ਹੀਦ।
  1. ਇਸਤੀਫ਼ਾਨ ਵੱਲੋਂ ਸਫ਼ਾਈ ਵਿਚ ਯਹੂਦੀ ਇਤਿਹਾਸ ਨੂੰ ਦੁਹਰਾਉਣਾ (ਆਇਤਾਂ 1-53)।
  2. ਇਸਤੀਫ਼ਾਨ ਦੀ ਮੌਤ (ਆਇਤਾਂ 54-60)।

II. ਫ਼ਲਸਤੀਨ ਦੇ ਬਾਕੀ ਹਿੱਸਿਆਂ ਵਿਚ ਗਵਾਹੀਆਂ (8-12)।

(ੳ) ਅਧਿਆਇ 8: ਕਲੀਸੀਆ ਖਿੰਡ ਜਾਂਦੀ ਹੈ।

1. ਸੌਲੁਸ ਕਲੀਸੀਆ ਨੂੰ ਸਤਾਉਂਦਾ ਹੈ (ਆਇਤਾਂ 1-4)।
2. ਫ਼ਿਲਿੱਪੁਸ ਸਾਮਰੀਆ ਵਿਚ ਜਾਂਦਾ ਹੈ (ਆਇਤਾਂ 5-25)।
3. ਹਬਸ਼ ਦੇਸ਼ ਦੇ ਇਕ ਮਨੁੱਖ ਦੀ ਮਨਬਦਲੀ (ਆਇਤਾਂ 26-40)।

(ਅ) ਅਧਿਆਇ 9: ਸਤਾਉਣ ਵਾਲੇ ਦੀ ਮਨ ਬਦਲੀ ਅਤੇ ਪਤਰਸ ਦੀਆਂ ਯਾਤਰਾਵਾਂ।

1. ਸੌਲੁਸ ਦੀ ਮਨਬਦਲੀ (ਆਇਤਾਂ 1-18)।
2. ਸੌਲੁਸ ਦਾ ਸ਼ੁਰੂਆਤੀ ਕੰਮ (ਆਇਤਾਂ 19-31)।
3. ਪਤਰਸ ਦੀਆਂ ਹੋਰ ਯਾਤਰਾਵਾਂ (ਆਇਤਾਂ 32-43)।

(ੲ) ਅਧਿਆਇ 10: ਇੰਜੀਲ ਦਾ ਪ੍ਰਚਾਰ ਗੈਰ ਕੌਮਾਂ ਵਿਚ ਹੁੰਦਾ ਹੈ (1)।

1. ਇਕ ਗੈਰ ਯਹੂਦੀ (ਕੁਰਨੇਲਿਉਸ) ਪਤਰਸ ਨੂੰ ਸੱਦਦਾ ਹੈ (ਆਇਤਾਂ 1-8)।
2. ਪਤਰਸ ਦਾ ਦਰਸ਼ਨ (ਆਇਤਾਂ 9-23)।
3. ਕੁਰਨੇਲਿਉਸ ਅਤੇ ਉਹਦੇ ਪਰਿਵਾਰ ਦੀ ਮਨਬਦਲੀ (ਆਇਤਾਂ 24-48)।

(ਸ) ਅਧਿਆਇ 11: ਇੰਜੀਲ ਦਾ ਪ੍ਰਚਾਰ ਗੈਰ ਕੌਮਾਂ ਵਿਚ ਹੁੰਦਾ ਹੈ (2)।

1. ਪਤਰਸ ਅਲੋਚਕਾਂ ਨੂੰ ਸਮਝਾਉਂਦਾ ਹੈ (ਆਇਤਾਂ 1-18)।
2. ਗੈਰ ਕੌਮਾਂ ਵਿਚ ਹੋਰ ਪ੍ਰਚਾਰ (ਆਇਤਾਂ 19-26)।
3. ਗੈਰ ਯਹੂਦੀ ਲੋਕ ਯਹੂਦੀਆਂ ਦੀ ਮਦਦ ਕਰਦੇ ਹਨ (ਆਇਤਾਂ 27-30)।

(ਹ) ਅਧਿਆਇ 12: ਦੁਆ ਦੀ ਸ਼ਕਤੀ।

1. ਪਹਿਲੇ ਰਸੂਲ (ਯਾਕੂਬ) ਨੂੰ ਹੈਰੋਦੇਸ ਮਰਵਾ ਦਿੰਦਾ ਹੈ (ਆਇਤਾਂ 1, 2)।
2. ਪਤਰਸ ਨੂੰ ਹੈਰੋਦੇਸ ਕੈਦ ਕਰ ਲੈਂਦਾ ਹੈ (ਆਇਤਾਂ 3-5)।
3. ਖ਼ੁਦਾ ਦੁਆਵਾਂ ਦਾ ਜਵਾਬ ਦਿੰਦਾ ਹੈ (ਆਇਤਾਂ 6-17)।
4. ਹੈਰੋਦੇਸ ਦੀ ਮੌਤ (ਆਇਤਾਂ 18-24)।
5. ਬਰਨਬਾਸ ਅਤੇ ਸੌਲੁਸ ਸੀਰੀਆ ਦੇ ਅੰਤਾਕੀਆ ਵਿਚ ਵਾਪਸ ਆਉਂਦੇ ਹਨ (ਆਇਤ 25)।

III. ਧਰਤੀ ਦੇ ਬੰਨੇ ਤਕ ਗਵਾਹੀਆਂ (13-28)।

(ੳ) ਪੌਲੁਸ ਦੀਆਂ ਮਿਸ਼ਨਰੀ ਯਾਤਰਾਵਾਂ (13-21)।

1. ਅਧਿਆਇ 13: ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ (1)।
   ੳ. ਬਰਨਬਾਸ ਅਤੇ ਸੌਲੁਸ ਦਾ ਪਵਿੱਤਰ ਆਤਮਾ ਵੱਲੋਂ ਚੁਣਿਆ ਜਾਣਾ (ਆਇਤਾਂ 1-3)।
   ਅ. ਅੰਤਾਕੀਆ ਵਿਚ ਸੀਰੀਆ ਤੋਂ ਕੁਪਰੁਸ ਵੱਲ (ਆਇਤ 4)।
   ੲ. ਕੁਪਰੁਸ ਵਿਚ: ਸਲਮੀਸ ਅਤੇ ਪਾਫ਼ੁਸ ਵਿਚ (ਆਇਤਾਂ 5-12)।
   ਸ. ਪਰਗਾ ਵਿਚ (ਆਇਤ 13)।
   ਹ. ਪਿਸਿਦਿਆ ਦੇ ਅੰਕਾਤੀਆ ਵਿਚ (ਆਇਤਾਂ 14-52)।
2. ਅਧਿਆਇ 14: ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ (2)।

ੳ. ਇਕੋਨਿਉਮ ਵਿਚ (ਆਇਤਾਂ 1-6)।
ਅ. ਲੁਸਤਰਾ ਵਿਚ (ਆਇਤਾਂ 7-20)।
ੲ. ਦਰਬੇ ਵਿਚ (ਆਇਤ 21)।
ਸ. ਵਾਪਸੀ ਯਾਤਰਾ (ਆਇਤਾਂ 21-28)।

3. ਅਧਿਆਇ 15: ਯਰੂਸ਼ਲਮ ਵਿਚ ਇਕ ਕਾਨਫਰੰਸ ਅਤੇ ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ (1)।
    ੳ. ਗੈਰ ਕੌਮਾਂ ਦੇ ਮਸੀਹੀਆਂ ਤੇ ਮੂਸਾ ਦੀ ਸ਼ਰ੍ਹਾ ਥੋਪਣ ਬਾਰੇ ਝਗੜਾ (ਆਇਤਾਂ 1, 2)।
    ਅ. ਯਰੂਸ਼ਲਮ ਵਿਚ ਇਕ ਕਾਨਫਰੰਸ, ਇਕ ਚਿੱਠੀ ਲਿਖੀ ਜਾਂਦੀ ਹੈ (ਆਇਤਾਂ 3-29)।
    ੲ. ਪੌਲੁਸ, ਬਰਨਬਾਸ ਅਤੇ ਹੋਰ ਚਿੱਠੀ ਲੈ ਕੇ ਸੀਰੀਆ ਤੇ ਅੰਤਾਕੀਆ ਵਿਚ ਜਾਂਦੇ ਹਨ (ਆਇਤਾਂ 30-35)।
    ਸ. ਪਹਿਲੀ ਯਾਤਰਾ ਸਮੇਂ ਕਾਇਮ ਹੋਈਆਂ ਕਲੀਸੀਆਵਾਂ ਨੂੰ ਫੇਰ ਤੋਂ ਮਿਲਣ ਦੀ ਇੱਛਾ; ਪੌਲੁਸ ਅਤੇ ਬਰਨਬਾਸ ਵਿਚ ਝਗੜਾ (ਆਇਤਾਂ 36-39)।
    ਹ. ਪੌਲੁਸ ਅਤੇ ਸੀਲਾਸ ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ ਸ਼ੁਰੂ ਕਰਦੇ ਹਨ (ਆਇਤਾਂ 40, 41)।

4. ਅਧਿਆਇ 16: ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ (2)।
    ੳ. ਇਕ ਹੋਰ ਸਾਥੀ (ਆਇਤਾਂ 1-3)।
    ਅ. ''ਨਗਰ ਨਗਰ ਫ਼ਿਰਦਿਆਂ'' (ਆਇਤਾਂ 4, 5)।
    ੲ. ਤ੍ਰੋਆਸ ਵਿਚ: ''ਮਕਦੂਨੀਆ ਤੋਂ ਪੁਕਾਰ'' (ਆਇਤਾਂ 6-10)।
    ਸ. ਮਕਦੂਨੀਆ ਨੂੰ ਜਾਣਾ (ਆਇਤਾਂ 11, 12)।
    ਹ. ਫ਼ਿਲਿੱਪੀ ਵਿਚ: ਲੁਦੀਆ ਅਤੇ ਉਹਦੇ ਪਰਿਵਾਰ ਦੀ ਮਨ ਬਦਲੀ (ਆਇਤਾਂ 13-15)।
    ਕ. ਫ਼ਿਲਿੱਪੀ ਵਿਚ: ਭੂਤ ਚੰਬੜੀ ਇਕ ਕੁੜੀ ਦਾ ਚੰਗਾ ਹੋਣਾ ਅਤੇ ਕੈਦ (ਆਇਤਾਂ 16-24)।
    ਖ. ਫ਼ਿਲਿੱਪੀ ਵਿਚ: ਦਰੋਗੇ ਅਤੇ ਉਹਦੇ ਪਰਿਵਾਰ ਦੀ ਮਨਬਦਲੀ (ਆਇਤਾਂ 25-34)।
    ਗ. ਫ਼ਿਲਿੱਪੀ ਵਿਚ: ਜੇਲ੍ਹ ਤੋਂ ਛੁੱਟਣਾ (ਆਇਤਾਂ 35-40)।

5. ਅਧਿਆਇ 17: ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ (3)।
    ੳ. ਥੱਸਲੁਨੀਕੇ ਵਿਚ (ਆਇਤਾਂ 1-10)।
    ਅ. ਬਰੀਆ ਵਿਚ: ''ਚੰਗੇ'' ਲੋਕ (ਆਇਤਾਂ 11-15)।
    ੲ. ਅਥੇਨੇ ਵਿਚ: ਪੌਲੁਸ ਦਾ ਜੀਅ ਜਲ ਗਿਆ (ਆਇਤਾਂ 16-21)।
    ਸ. ਅਥੇਨੇ ਵਿਚ: ਅਰਿਉਪਗੁਸ ਵਿਚ ਉਪਦੇਸ਼ (ਮਾਰਸ ਪਹਾੜੀ) (ਆਇਤਾਂ 22-34)।

6. ਅਧਿਆਇ 18: ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ (4) ਅਤੇ ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ (1)।
    - ੳ. ਡੇਢ ਸਾਲ ਤਕ ਕੁਰਿੰਥੁਸ ਵਿਚ (ਆਇਤਾਂ 1-17)।
    - ਅ. ਪੌਲੁਸ ਸੀਰੀਆ ਵਿਚ ਅੰਤਾਕੀਆ ਨੂੰ ਆਉਂਦਾ ਹੈ-ਅਫ਼ਸੁਸ ਵਿਚ ਠਹਿਰ ਕੇ (ਆਇਤਾਂ 18-22)।
    - ੲ. ਤੀਜੀ ਮਿਸ਼ਨਰੀ ਯਾਤਰਾ ਦੀ ਸ਼ੁਰੂਆਤ (ਆਇਤ 23)।
    - ਸ. ਇਕ ਹਾਜ਼ਰ ਜਵਾਬ ਪ੍ਰਚਾਰਕ (ਅਪੁੱਲੋਸ) ਦੀ ਜਾਣਪਛਾਣ (ਆਇਤਾਂ 24-28)।
7. ਅਧਿਆਇ 19: ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ (2)।
    - ੳ. ਅਫ਼ਸੁਸ ਵਿਚ: ਬਾਰਾ ਚੇਲਿਆਂ ਨੂੰ ਫੇਰ ਡੁਬਕੀ ਦਿੱਤੀ ਜਾਂਦੀ ਹੈ (ਆਇਤਾਂ 1-7)।
    - ਅ. ਅਫ਼ਸੁਸ ਵਿਚ: ਪੌਲੁਸ ਦੀ ਸੇਵਕਾਈ ਅਤੇ ਯੋਜਨਾਵਾਂ (ਆਇਤਾਂ 8-22)।
    - ੲ. ਅਫ਼ਸੁਸ ਵਿਚ: ਵਿਰੋਧ ਕਰਨ ਵਾਲੇ (ਆਇਤਾਂ 23-41)।
8. ਅਧਿਆਇ 20: ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ (3)।
    - ੳ. ਮਕਦੂਨੀਆ ਅਤੇ ਯੂਨਾਨ, ਵਾਪਸ ਮਕਦੂਨੀਆ ਅਤੇ ਫਿਰ ਤ੍ਰੋਆਸ ਵਿਚ ਜਾਣਾ (ਆਇਤਾਂ 1-6)।
    - ਅ. ਤ੍ਰੋਆਸ ਵਿਚ: ਪ੍ਰਭੂ ਦੇ ਦਿਨ ਇਕੱਠੇ ਹੋਣਾ (ਆਇਤਾਂ 7-12)।
    - ੲ. ਯਰੂਸ਼ਲਮ ਦੇ ਰਾਹ ਵਿਚ (ਆਇਤਾਂ 13-16)।
    - ਸ. ਮਿਲੇਤੁਸ ਵਿਚ: ਅਫ਼ਸੁਸ ਦੇ ਐਲਡਰਾਂ ਨਾਲ ਗੰਭੀਰ ਚਰਚਾ (ਆਇਤਾਂ 17-38)।
9. ਅਧਿਆਇ 21: ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ (4) ਅਤੇ ਯਰੂਸ਼ਲਮ ਵਿਚ ਪੌਲੁਸ ਦੀ ਗ੍ਰਿਫ਼ਤਾਰੀ।
    - ੳ. ਯਰੂਸ਼ਲਮ ਨੂੰ-ਸੂਰ, ਤੁਲਮਾਇਸ ਅਤੇ ਕੈਸਰੀਆ ਵਿਚ ਰੁਕਦਿਆਂ (ਆਇਤਾਂ 1-17)।
    - ਅ. ਪੌਲੁਸ ਅਲੋਚਨਾ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ (ਆਇਤਾਂ 18-26)।
    - ੲ. ਪੌਲੁਸ ਗ੍ਰਿਫ਼ਤਾਰ ਹੁੰਦਾ ਹੈ (ਆਇਤਾਂ 27-36)।
    - ਸ. ਆਪਣਾ ਪੱਖ ਰੱਖਣ ਦਾ ਮੌਕਾ (ਆਇਤਾਂ 37-40)।

(ਅ) ਪੌਲੁਸ ਦੀ ਕੈਦ ਅਤੇ ਰੋਮ ਦੀ ਯਾਤਰਾ (ਆਇਤਾਂ 22-28)।

1. ਅਧਿਆਇ 22: ਯਰੂਸ਼ਲਮ ਵਿਚ ਪੌਲੁਸ ਦਾ ਕੈਦ ਹੋਣਾ (1)।
    - ੳ. ਪੌਲੁਸ ਦੀ ਸਫ਼ਾਈ (ਆਇਤਾਂ 1-22)।
    - ਅ. ਉਲਝਣ ਵਿਚ ਪਿਆ ਸੂਬੇਦਾਰ (ਆਇਤਾਂ 23-30)।
2. ਅਧਿਆਇ 23: ਯਰੂਸ਼ਲਮ ਵਿਚ ਪੌਲੁਸ ਦੀ ਕੈਦ (2) ਅਤੇ ਕੈਸਰੀਆ ਵਿਚ ਪੌਲੁਸ ਦਾ ਕੈਦ ਹੋਣਾ (1)।

ੳ. ਮਹਾਸਭਾ ਸਾਹਮਣੇ ਪੌਲੁਸ (ਆਇਤਾਂ 1-10)।
ਅ. ਦਲੇਰੀ ਦੇਣ ਵਾਲਾ ਦਰਸ਼ਨ (ਆਇਤ 11)।
ੲ. ਖ਼ੂਨੀ ਸਾਜ਼ਸ਼ ਦਾ ਪਤਾ ਲੱਗਣਾ (ਆਇਤਾਂ 12-22)।
ਸ. ਪੌਲੁਸ ਨੂੰ ਕੈਸਰੀਆ ਵਿਚ ਲਿਜਾਇਆ ਜਾਣਾ (ਆਇਤਾਂ 23-35)।

3. ਅਧਿਆਇ 24: ਕੈਸਰੀਆ ਵਿਚ ਪੌਲੁਸ ਦਾ ਕੈਦ ਹੋਣਾ (2)।
    ੳ. ਫ਼ੇਲਿਕਸ ਸਾਹਮਣੇ ਪੇਸ਼ੀ (ਆਇਤਾਂ 1-23)।
    ਅ. ''ਮੌਕਾ ਪਾ ਕੇ'': ਫ਼ੇਲਿਕਸ ਦਾ ਬਿਨਾਂ ਬਦਲੇ ਰਹਿਣਾ (ਆਇਤਾਂ 24-27)।
4. ਅਧਿਆਇ 25: ਕੈਸਰੀਆ ਵਿਚ ਪੌਲੁਸ ਦਾ ਕੈਦ ਹੋਣਾ (3)।
    ੳ. ਪੌਲੁਸ, ਫ਼ੇਲਿਕਸ ਦੇ ਸਾਹਮਣੇ ਪੇਸ਼ੀ ਸਮੇਂ ਕੈਸਰ ਦੀ ਦੁਹਾਈ ਦਿੰਦਾ ਹੈ (ਆਇਤਾਂ 1-12)।
    ਅ. ਦੋ ਜਣੇ ਕੈਸਰੀਆ ਵਿਚ ਆਉਂਦੇ ਹਨ, ਇੰਜੀਲ ਸੁਣਾਉਣ ਦਾ ਇਕ ਹੋਰ ਮੌਕਾ (ਆਇਤਾਂ 13-27)।
5. ਅਧਿਆਇ 26: ਕੈਸਰੀਆ ਵਿਚ ਪੌਲੁਸ ਦਾ ਕੈਦ ਹੋਣਾ (4)।
    ੳ. ਰਾਜਾ ਅਗ੍ਰਿੱਪਾ ਸਾਹਮਣੇ ਆਪਣੀ ਸਫ਼ਾਈ ਵਿਚ ਪੌਲੁਸ ਦੱਸਦਾ ਹੈ ਕਿ ਉਹ ਕਿਉਂ ਬਦਲਿਆ (ਆਇਤਾਂ 1-27)।
    ਅ. ''ਥੋੜ੍ਹੇ ਹੀ ਸਮਝਾਉਣ ਨਾਲ ... ?'' ਰਾਜਾ ਅਗ੍ਰਿੱਪਾ ਦਾ ਬਿਨਾਂ ਬਦਲੇ ਰਹਿਣਾ (ਆਇਤਾਂ 28, 29)।
    ੲ. ਅਗਲਾ ਪੜਾਅ: ਰੋਮ (ਆਇਤਾਂ 30-32)।
6. ਅਧਿਆਇ 27: ਪੌਲੁਸ ਦੀ ਰੋਮ ਯਾਤਰਾ (1)।
    ੳ. ਯਾਤਰਾ ਸ਼ੁਰੂ ਹੁੰਦੀ ਹੈ (ਆਇਤਾਂ 1-8)।
    ਅ. ਪੌਲੁਸ ਵੱਲੋਂ ਚਿਤਾਵਨੀ (ਆਇਤਾਂ 9-12)।
    ੲ. ਸਮੁੰਦਰ ਵਿਚ ਖ਼ਤਰਾ (ਆਇਤਾਂ 13-44)।
7. ਅਧਿਆਇ 28: ਪੌਲੁਸ ਦੀ ਰੋਮ ਯਾਤਰਾ (2)।
    ੳ. ਇਕ ਟਾਪੂ (ਮਾਲਟਾ) ਤੇ ਖ਼ਤਰਾ (ਆਇਤਾਂ 1-10)।
    ਅ. ਯਾਤਰਾ ਜਾਰੀ; ਰੋਮ ਵਿਚ ਆਮਦ (ਆਇਤਾਂ 11-16)।
    ੲ. ਮੁਕੱਦਮੇ ਦੀ ਇੰਤਜ਼ਾਰ (ਆਇਤਾਂ 17-31)।

**ਸਾਰ**

ਰਸੂਲਾਂ ਦੇ ਕੰਮ ਦੀ ਕਿਤਾਬ ਫ਼ਤਹਿ ਦੀ ਇਕ ਟਿੱਪਣੀ ਨਾਲ ਖ਼ਤਮ ਹੁੰਦੀ ਹੈ: ''ਤਾਂ ਉਹ [ਪੌਲੁਸ] ਪੂਰੇ ਦੋ ਵਰ੍ਹੇ ਆਪਣੇ ਭਾੜੇ ਦੇ ਘਰ ਵਿਚ ਰਿਹਾ ਅਤੇ ਉਨ੍ਹਾਂ ਸਭਨਾਂ ਦਾ ਜੋ ਉਹ ਦੇ ਕੋਲ ਆਉਂਦੇ ਸਨ ਆਦਰ ਭਾਉ ਕਰਦਾ। ਅਰ ਬਿਨਾਂ ਰੋਕ ਟੋਕ ਅੱਤ ਦਲੇਰੀ ਨਾਲ ਪ੍ਰਮੇਸ਼ਵਰ ਦੇ ਰਾਜ ਦਾ ਪ੍ਰਚਾਰ ਕਰਦਾ ਅਤੇ ਪ੍ਰਭੂ ਯਿਸੂ ਮਸੀਹ ਦੇ ਵਿਖੇ ਉਪਦੇਸ਼ ਦਿੰਦਾ ਰਿਹਾ।'' (ਰਸੂਲਾਂ ਦੇ ਕੰਮ 28:30-31)!